ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2.. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ), ਪੰਜਾਬ।
3. ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ. 439043/DPISE-CORDOGENL/4/2023 276536-538
ਮਿਤੀ 03-10-2023

ਵਿਸ਼ਾ: 1.ਇੱਕ ਹੀ ਕੈਂਪਸ ਵਿੱਚ ਚੱਲ ਰਹੇ ਸਕੂਲਾਂ ਵਿੱਚ ਆਪਸੀ ਤਾਲ-ਮੇਲ ਅਤੇ ਪ੍ਰਬੰਧਨ ਦੀ ਕਮੀ ਸਬੰਧੀ ਅਤੇ 2. ਸਕੂਲ ਕੈਂਪਸ ਵਿੱਚ ਪਾਰਕਿੰਗ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਸੁਧਾਰ ਟੀਮਾਂ ਵੱਲੋਂ ਸਕੂਲਾਂ ਦੀ ਕੀਤੀ ਜਾਂਦੀ ਵਿਜ਼ਿਟ ਰਾਹੀਂ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਇੱਕ ਹੀ ਕੈਂਪਸ ਵਿੱਚ ਚੱਲ ਰਹੇ ਪ੍ਰਾਇਮਰੀ ਅਤੇ ਹਾਈ ਸਕੂਲਾਂ ਵਿੱਚ ਆਪਸੀ ਤਾਲ ਮੇਲ ਦੀ ਕਮੀ ਪਾਈ ਗਈ ਹੈ। ਵੇਖਣ ਵਿੱਚ ਆਇਆ ਹੈ ਕਿ ਹਾਈ ਸਕੂਲਾਂ ਵੱਲੋਂ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ, ਲੈਬਜ਼ ਅਤੇ ਕੰਪਿਊਟਰਜ਼ ਸ਼ੇਅਰ ਨਹੀਂ ਕੀਤੇ ਜਾਂਦੇ। ਹਾਈ ਸਕੂਲਾਂ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਵੀ ਪ੍ਰਾਇਮਰੀ ਸਕੂਲਾਂ ਵੱਲ ਕੱਢ ਦਿੱਤੀ ਜਾਂਦੀ ਹੈ ਅਤੇ ਕੂੜਾ ਕਰਕਟ ਆਦਿ ਵੀ ਪ੍ਰਾਇਮਰੀ ਸਕੂਲਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ।

2.0 ਉਕਤ ਤੋਂ ਇਲਾਵਾ ਚੈਕਿੰਗ ਦੌਰਾਨ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਸਕੂਲ ਦੇ ਕੈਂਪਸ ਵਿੱਚ ਅਧਿਆਪਕ ਅਤੇ ਕਰਮਚਾਰੀ ਆਪਣੇ Vehicles ਨੂੰ Proper Place ਤੇ ਨਾ ਖੜ੍ਹੇ ਕਰਕੇ ਵਰਾਂਡੇ, ਮੈਦਾਨ ਜਾਂ ਕਲਾਸਰੂਮਜ਼ ਦੇ ਅੱਗੇ ਖੜ੍ਹਾ ਕਰ ਦਿੰਦੇ ਹਨ ਜੋ ਕਿ ਸਕੂਲ ਦੀ ਦਿਖ ਨੂੰ ਤਾਂ ਵਿਗਾੜਦੇ ਹੀ ਹਨ ਸਗੋਂ ਵਰਾਂਡੇ, ਖੇਡ ਮੈਦਾਨ, ਕਲਾਸਰੂਮਜ਼ ਦੀ space ਨੂੰ ਵੀ occupy ਕਰਦੇ ਹਨ।

**3.0** ਉਪਰੋਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚ ਅਜਿਹਾ ਵਤੀਰਾ ਨਾ ਅਪਣਾਇਆ ਜਾਵੇ। ਇੱਕ ਹੀ ਕੈਂਪਸ ਵਿੱਚ ਚੱਲ ਰਹੇ ਸਕੂਲ ਆਪਸ ਵਿੱਚ ਤਾਲਮੇਲ ਬਣਾਕੇ ਰੱਖਣ ਅਤੇ ਵਾਹਨਾ ਨੂੰ ਸਹੀ ਢੰਗ ਨਾਲ ਪਾਰਕ ਕੀਤਾ ਜਾਵੇ।

4.0 ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

03.10.23
(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ/2023 276539 ਮਿਤੀ 03-10-2023

ਉਤਾਰਾ ਸਹਾਇਕ ਡਾਇਰੈਕਟਰ (E&I) ਨੂੰ ਪੱਤਰ ਨੰ. SSC/E-576622/270076 ਮਿਤੀ 26.09.2023 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

03.10.23
(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)